ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਸਅਸ ਨਗਰ
(ਸਪੋਰਟਸ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ,
ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ ਪੰਜਾਬ।

ਈ ਫਾਈਲ ਨੰ: 156871
ਮਿਤੀ 25-02-2021

ਵਿਸਾ : ਸਕੂਲ ਮੁਖੀਆਂ ਪਾਸ ਮੌਜੂਦ ਸਪੋਰਟਸ ਫੰਡ ਖਰਚਣ ਸਬੰਧੀ ਹਦਾਇਤਾਂ।

ਉਪਰੋਕਤ ਵਿਸੇ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਵੱਖ-ਵੱਖ ਸਕੂਲ ਮੁਖੀਆਂ ਵੱਲੋਂ ਸਪੋਰਟਸ ਫੰਡ ਨੂੰ ਖਰਚਣ ਸਬੰਧੀ ਅਗਵਾਈ ਮੰਗੀ ਜਾ ਰਹੀ ਹੈ। ਇਸ ਸਬੰਧ ਵਿੱਚ ਵਿਭਾਗ ਵੱਲੋਂ ਮੀਮੋ ਨੰ: 10/164-2017 ਸੈਸਿ (1)/202171548-50 ਮਿਤੀ 25-02-2021 (ਕਾਪੀ ਨੱਥੀ) ਰਾਹੀਂ ਸਰਕਾਰੀ ਸਕੂਲਾਂ ਦੇ ਮੁਖੀਆਂ ਨੂੰ ਉਹਨਾਂ ਪਾਸ ਮੌਜੂਦ ਸਪੋਰਟਸ ਫੰਡ ਵਿੱਚੋਂ ਹੇਠ ਲਿਖੇ ਅਨੁਸਾਰ ਰਾਸੀ ਖਰਚਣ ਸਬੰਧੀ ਹਦਾਇਤ ਜਾਰੀ ਕੀਤੀਆਂ ਗਈਆਂ ਹਨ:

| | | |
|---|---|---|
| ਸਕੂਲ ਮੁੱਖੀ | 60,000/- ਰੁਪਏ | ਸਕੂਲ ਵਿੱਚ ਖੇਡਾਂ ਦਾ ਵਿਕਾਸ ਕਰਨ ਲਈ |
| ਜਿਲ੍ਹਾ ਸਿੱਖਿਆ ਅਫਸਰ | 1,00,000/- ਰੁਪਏ | |
| ਵਿਭਾਗ ਦਾ ਮੁੱਖੀ | ਫੁੱਲ ਪਾਵਰ | |

2.0 ਸਕੂਲ ਵਿੱਚ ਮੌਜੂਦ ਸਪੋਰਟਸ ਫੰਡ ਨੂੰ ਸਕੂਲ ਵਿੱਚ ਖੇਡਾਂ ਦਾ ਮਿਆਰ ਉੱਚਾ ਚੁੱਕਣ ਲਈ ਹੇਠ ਦਰਸਾਈਆਂ ਹਦਾਇਤਾਂ ਅਨੁਸਾਰ ਖਰਚ ਕੀਤਾ ਜਾਵੇ:

1. ਖੇਡ ਮੈਦਾਨਾਂ ਦਾ ਨਿਰਮਾਣ ਅਤੇ ਖੇਡਾਂ ਦਾ ਸਮਾਨ ਖਰੀਦਣ ਸਮੇਂ ਖੇਡ ਨਿਯਮਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

2. ਸਕੂਲ ਵੱਲੋਂ 05 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਹੇਠ ਲਿਖੇ ਮੈਂਬਰ ਹੋਣਗੇ:

    1. ਸਕੂਲ ਮੁਖੀ,
    2. ਦੋ ਮੈਂਬਰ ਐਸ.ਐਮ.ਸੀ.
    3. ਦੋ ਸਕੂਲ ਦੇ ਅਧਿਆਪਕ।

    ਜਿਸ ਸਕੂਲ ਵਿੱਚ ਸਪੋਰਟਸ ਦਾ ਸਬੰਧਤ ਅਧਿਆਪਕ ਕੰਮ ਕਰ ਰਿਹਾ ਹੈ, ਉਸ ਨੂੰ ਕਮੇਟੀ ਵਿੱਚ ਮੈਂਬਰ ਸਾਮਿਲ ਕਰਨਾ ਯਕੀਨੀ ਬਣਾਇਆ ਜਾਵੇ।

3. ਜਿੱਥੋਂ ਤੱਕ ਖੇਡ ਮੈਦਾਨ ਵਿਕਸਿਤ ਕਰਨ ਦਾ ਸਬੰਧ ਹੈ ਇਸ ਸਬੰਧੀ ਜੇਕਰ ਸਕੂਲ ਮੁੱਖੀ ਸਕੂਲ ਵਿੱਚ ਖੇਡ ਮੈਦਾਨ ਵਿਕਸਿਤ ਕਰਨ ਲਈ ਸਪੋਰਟਸ ਫੰਡ ਖਰਚਣਾ ਚਾਹੁੰਦਾ ਹੈ ਤਾਂ ਇਸ ਮੰਤਵ ਲਈ ਉਸ ਵੱਲੋਂ ਜਿਲ੍ਹੇ ਦੇ ਜੇਈ ਵੱਲੋਂ ਤਿਆਰ ਕੀਤੇ ਐਸਟੀਮੇਟ ਦੇ ਅਧਾਰ ਤੇ ਸਪੋਰਟਸ ਫੰਡ ਦੀ ਰਾਸੀ ਖਰਚੀ ਜਾਵੇਗੀ। ਐਸਟੀਮੇਟ ਪ੍ਰਾਪਤ ਹੋਣ ਤੇ ਸਕੂਲ ਮੁੱਖੀ ਵੱਲੋਂ ਈ-ਟੈਂਡਰਿੰਗ ਰਾਹੀਂ ਵੱਖ-ਵੱਖ ਠੇਕੇਦਾਰਾਂ/ਫਰਮਾਂ ਦਾ ਟੈਂਡਰ ਪ੍ਰਾਪਤ ਕਰਕੇ ਖੇਡ ਮੈਦਾਨ ਵਿਕਸਿਤ ਕੀਤੇ ਜਾਣਗੇ।

4. ਖੇਡ ਮੈਦਾਨ ਤਿਆਰ ਕਰਵਾਉਣ ਤੋਂ ਪਹਿਲਾਂ, ਤਿਆਰ ਹੁੰਦੇ ਦੌਰਾਨ ਅਤੇ ਕੰਮ ਮੁਕੰਮਲ ਹੋਣ ਤੋਂ ਬਾਅਦ ਖੇਡ ਮੈਦਾਨ ਦੀਆਂ ਤਸਵੀਰਾਂ ਲਈਆਂ ਜਾਣ ਅਤੇ ਉਸਦਾ ਮੁਕੰਮਲ ਰਿਕਾਰਡ ਸਕੂਲ ਵਿੱਚ ਰੱਖਿਆ ਜਾਵੇ।

5. ਜਿਲ੍ਹਾ ਸਿੱਖਿਆ ਅਫਸਰ/ ਡੀ.ਐਮ. (ਸਪੋਰਟਸ)/ ਬੀ.ਐਮ. (ਸਪੋਰਟਸ) ਵੱਲੋਂ ਸਕੂਲ ਵਿੱਚ ਖੇਡ ਮੈਦਾਨ ਤਿਆਰ ਕਰਨ ਅਤੇ ਖੇਡਾਂ ਦੇ ਸਮਾਨ ਖਰੀਦਣ ਸਬੰਧੀ ਸਮੇਂ ਸਮੇਂ ਤੇ ਨਿਰੀਖਣ ਕੀਤਾ ਜਾਵੇਗਾ।

6. ਜੇਕਰ ਕੋਈ ਸਕੂਲ ਮੁੱਖੀ ਨਿਯਮਾਂ ਅਨੁਸਾਰ ਖੇਡ ਮੈਦਾਨ ਵਿਕਸਿਤ/ ਖੇਡ ਸਮਾਨ ਦੀ ਖਰੀਦ ਨਹੀ ਕਰੇਗਾ ਤਾਂ ਉਸ ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਵਿਭਾਗ ਦੇ ਅਧਿਕਾਰੀਆਂ ਦੀਆਂ ਟੀਮਾਂ ਸਮੇਂ ਸਮੇਂ ਤੇ ਇਸ ਸਬੰਧੀ ਮਾਨੀਟਰਿੰਗ ਕਰਨਗੀਆਂ।

7. ਖੇਡ ਦਾ ਸਮਾਨ ਖਰੀਦਣ ਸਮੇਂ ਖਿਡਾਰੀ/ਖਿਡਾਰਣ ਦੀ ਉਮਰ, ਲਿੰਗ ਅਤੇ ਪੱਧਰ ਦਾ ਧਿਆਨ ਰੱਖਿਆ ਜਾਵੇ।

8. ਖੇਡ ਮੈਦਾਨ ਦਾ ਨਿਰਮਾਣ ਕਰਦੇ ਸਮੇਂ ਅਤੇ ਸਮਾਨ ਦੀ ਖਰੀਦ ਸਮੇਂ ਖਿਡਾਰੀਆਂ ਦੀ ਸੁਰੱਖਿਆ ਨੂੰ ਵਿਸੇਸ ਤਰਜੀਹ ਦਿੱਤੀ ਜਾਵੇ।

9. ਖੇਡਾਂ ਦਾ ਸਮਾਨ ਵਧੀਆ ਕੁਆਲਟੀ ਦਾ ਮਜਬੂਤ ਅਤੇ ਹੰਡਣਸਾਰ ਹੋਣਾ ਚਾਹੀਦਾ ਹੈ।

10. ਖੇਡਾਂ ਦਾ ਸਮਾਨ ਖਰੀਦਣ ਸਮੇਂ ਵਿੱਤ ਵਿਭਾਗ ਦੀਆਂ ਹਦਾਇਤਾਂ ਨੰ: G.S.R11/Const./Art.283/Amd./2018 ਮਿਤੀ 08-03-2018 ਅਨੁਸਾਰ 50,000/- ਰੁਪਏ ਤੋਂ ਉੱਪਰ ਕੋਈ ਵੀ ਖਰੀਦ ਕਰਨ ਦੀ ਸੂਰਤ ਵਿੱਚ ਸਬੰਧਤ ਆਈਟਮ ਜੈਮ ਪੋਰਟਲ ਤੋਂ ਹੀ ਖਰੀਦੀ ਜਾਣੀ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਐਸਿ)
ਪੰਜਾਬ

**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

ਵੱਲ

1. ਸਮੂਹ ਜਿਲ੍ਹਾ ਸਿਖਿਆ ਅਫਸਰ(ਸੈਃਸਿਃ/ਐਃਸਿਃ) ਪੰਜਾਬ।
2. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ,ਪੰਜਾਬ ਰਾਜ।
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,ਪੰਜਾਬ ਰਾਜ।

ਮੀਮੋ ਨੰਬਰ 10/164-2017 ਸੈਸਿ(1)/2021/548-50
ਮਿਤੀਃ ਸ.ਅ.ਸ.ਨਗਰ, 25/2/2021

ਵਿਸ਼ਾਃ- ਸਪੋਰਟਸ ਫੰਡ ਖਰਚ ਕਰਨ ਸਬੰਧੀ ਵਿੱਤੀ ਪ੍ਰਵਾਨਗੀਆਂ ਦੇ ਸਬੰਧੀ ਪਾਵਰਾਂ ਦੇਣ ਬਾਰੇ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਮੀਮੋ ਨੰਬਰ 10/164-2017 ਸੈਃਸਿਃ(6) ਮਿਤੀ 13-10-2017 ਦੀ ਲਗਾਤਾਰਤਾ ਵਿੱਚ।

ਬਹੁਤ ਸਾਰੇ ਸਕੂਲ ਮੁੱਖੀਆਂ ਵੱਲੋਂ ਸਪੋਰਟਸ ਫੰਡ ਵਿੱਚੋਂ ਖਰਚ ਕਰਨ ਸਬੰਧੀ ਅਗਵਾਈ ਮੰਗੀ ਜਾ ਰਹੀ ਹੈ। ਇਸ ਸਬੰਧੀ ਸਮੂਹ ਸਕੂਲ ਮੁੱਖੀਆਂ ਅਤੇ ਉਸ ਤੋਂ ਉਪਰਲੇ ਅਧਿਕਾਰੀਆਂ ਨੂੰ ਸਪੋਰਟਸ ਫੰਡ ਖਰਚ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਵਿੱਤੀ ਪਾਵਰਾਂ ਦਿੱਤੀਆਂ ਜਾਂਦੀਆਂ ਹਨਃ-

| | | |
|---|---|---|
| 1 | ਸਕੂਲ ਮੁੱਖੀ | 60,000/- |
| 2 | ਜਿਲ੍ਹਾ ਸਿਖਿਆ ਅਫਸਰ | 1,00,000/- |
| 3 | ਵਿਭਾਗ ਦਾ ਮੁੱਖੀ | ਫੁੱਲ ਪਾਵਰਜ |

ਇਹਨਾਂ ਪਾਵਰਾਂ ਦੀ ਵਰਤੋਂ ਨਿਯਮਾਂ/ਹਦਾਇਤਾਂ ਅਨੁਸਾਰ ਕੀਤੀ ਜਾਵੇ।

ਕ੍ਰਿਸ਼ਨ ਕੁਮਾਰ
ਸਕੱਤਰ, ਸਕੂਲ ਸਿੱਖਿਆ,ਪੰਜਾਬ ।

ਪਿੱਠ ਅੰਕਣ ਨੰਬਰ ਉਕਤ/2021/551-53 ਮਿਤੀਃਸ.ਅ.ਸ.ਨਗਰ, 25/2/2021
ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈਃ

1. ਡਾਇਰੈਕਟਰ, ਜਨਰਲ ਸਕੂਲ ਸਿਖਿਆ,ਪੰਜਾਬ, ਐਸ.ਏ.ਐਸ.ਨਗਰ।
2. ਡਾਇਰੈਕਟਰ ਸਿਖਿਆ ਵਿਭਾਗ,ਪੰਜਾਬ, ਐਸ.ਏ.ਐਸ.ਨਗਰ।
3. ਡਾਇਰੈਕਟਰ ਸਿਖਿਆ ਵਿਭਾਗ(ਐਃਸਿਃ) ਪੰਜਾਬ, ਐਸ.ਏ.ਐਸ.ਨਗਰ।

ਸਹਾਇਕ ਡਾਇਰੈਕਟਰ(ਸੈਃਸਿਃ)